BRAMPTON Flower City brampton.ca

Service and Information Update

9 ਜੁਲਾਈ, 2018

# ਬ੍ਰੈਂਪਟਨ ਦੀਆਂ 2018 ਦੀਆਂ ਮਿਉਨਿਸਿਪਲ ਚੋਣਾਂ ਲਈ ਉਮੀਦਵਾਰ ਨਾਮਾਂਕਨ 27 ਜੁਲਾਈ ਨੂੰ ਦੁਪਹਿਰ 2 ਵਜੇ ਖ਼ਤਮ ਹੋਣਗੇ

ਬ੍ਰੈਂਪਟਨ, ਓਨਟੈਰੀਓ – ਕੀ ਤੁਸੀਂ ਬ੍ਰੈਂਪਟਨ ਸਿਟੀ ਹਾਲ (Brampton City Hall), ਰੀਜਨ ਆਫ ਪੀਲ (Region of Peel) ਵਿਖੇ ਜਾਂ ਕਿਸੇ ਸਕੂਲ ਬੋਰਡ (School Board) ਵਿੱਚ ਇੱਕ ਚੁਣੇ ਹੋਏ ਅਫ਼ਸਰ ਦੀ ਭੂਮਿਕਾ ਵਿੱਚ ਬ੍ਰੈਂਪਟਨ ਦੇ ਲੋਕਾਂ ਦੀ ਸੇਵਾ ਕਰਨਾ ਚਾਹੁੰਦੇ ਹੋ?

ਜੋ ਉਮੀਦਵਾਰ ਬ੍ਰੈਂਪਟਨ ਦੀਆਂ 2018 ਦੀਆਂ ਮਿਉਨਿਸਿਪਲ ਚੋਣਾਂ (2018 Municipal Election) ਵਿੱਚ ਭਾਗ ਲੈਣਾ ਚਾਹੁੰਦੇ ਹਨ, ਉਹਨਾਂ ਲਈ 27 ਜੁਲਾਈ ਨੂੰ ਦੁਪਹਿਰ 2 ਵਜੇ ਤੱਕ ਆਪਣਾ ਨਾਮਾਂਕਨ ਫਾਈਲ ਕਰਨਾ ਲਾਜ਼ਮੀ ਹੈ।

ਸਿਟੀ ਹੇਠਾਂ ਦਿੱਤੇ ਦਫ਼ਤਰਾਂ ਲਈ ਨਾਮਾਂਕਨ ਸਵੀਕਾਰ ਕਰ ਰਹੀ ਹੈ:

- ਮੇਅਰ
- ਰੀਜਨਲ ਕਾਉਂਸਲਰ
- ਸਿਟੀ ਕਾਉਂਸਲਰ
- ਇਹਨਾਂ ਲਈ ਸਕੂਲ ਬੋਰਡ ਟ੍ਰਸਟੀ:
  - ਪੀਲ ਡਿਸਟ੍ਰਿਕਟ ਸਕੂਲ ਬੋਰਡ (Peel District School Board)
  - ਡਫਰਿਨ-ਪੀਲ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ (Dufferin-Peel Catholic District School Board)
  - ਮੋਨਅਵੇਨਿਰ ਕੈਥੋਲਿਕ ਸਕੂਲ ਬੋਰਡ (Conseil scolaire catholique MonAvenir) (ਪਹਿਲਾਂ ਇਸਦਾ ਨਾਮ ਸਾਊਥ ਸੈਂਟਰਲ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ (Conseil scolaire de district catholique Centre-Sud) ਸੀ)

ਉਮੀਦਵਾਰਾਂ ਲਈ ਨਾਮਾਂਕਨ ਫਾਰਮ ਅਤੇ ਜਾਣਕਾਰੀ ਪੈਕੇਜ available online (ਔਨਲਾਈਨ ਉਪਲਬਧ) ਹਨ ਅਤੇ ਬ੍ਰੈਂਪਟਨ ਸਿਟੀ ਹਾਲ ਵਿੱਚ ਸਿਟੀ ਕਲਰਕ ਦੇ ਦਫ਼ਤਰ ਵਿਖੇ ਉਪਲਬਧ ਹਨ। ਫਾਰਮ ਕਾਰਜਦਿਨਾਂ ਨੂੰ, ਸਵੇਰੇ 8:30 ਵਜੇ ਤੋਂ ਸ਼ਾਮ 4:30 ਵਜੇ ਤੱਕ, ਅਤੇ 27 ਜੁਲਾਈ, 2018 ਨੂੰ ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਤੱਕ, ਨਿਯਮਿਤ ਦਫ਼ਤਰ ਸਮੇਂ ਦੇ ਦੌਰਾਨ ਖੁਦ ਆ ਕੇ ਫਾਈਲ ਕਰਨੇ ਲਾਜ਼ਮੀ ਹਨ। 27 ਜੁਲਾਈ ਨੂੰ ਦੁਪਹਿਰ 2 ਵਜੇ ਤੋਂ ਬਾਅਦ ਨਾਮਾਂਕਨ ਸਵੀਕਾਰ ਨਹੀਂ ਕੀਤੇ ਜਾਣਗੇ।

ਰੀਜਨ ਆਫ ਪੀਲ ਮੁਖੀ ਦੇ ਦਫ਼ਤਰ (Office of Region of Peel Chair) ਲਈ ਨਾਮਾਂਕਨ 27 ਜੁਲਾਈ, 2018 ਨੂੰ ਦੁਪਹਿਰ ਬਾਅਦ 2 ਵਜੇ ਤੱਕ, ਨਿਯਮਿਤ ਦਫ਼ਤਰ ਸਮੇਂ ਦੇ ਦੌਰਾਨ, ਰੀਜਨ ਆਫ ਪੀਲ, 10 ਪੀਲ ਸੈਂਟਰ ਡ੍ਰਾਈਵ, ਬ੍ਰੈਂਪਟਨ (Region of Peel, 10 Peel Centre Drive, Brampton) ਵੱਲੋਂ ਸਵੀਕਾਰ ਕੀਤੇ ਜਾਣਗੇ। ਵਾਇਆਮੋਂਡੇ ਸਕੂਲ ਬੋਰਡ (Conseil scolaire Viamonde) ਲਈ ਨਾਮਾਂਕਨ 27 ਜੁਲਾਈ, 2018 ਨੂੰ ਦੁਪਹਿਰ ਬਾਅਦ 2 ਵਜੇ ਤੱਕ, ਨਿਯਮਿਤ ਦਫ਼ਤਰ ਸਮੇਂ ਦੇ ਦੌਰਾਨ, ਸਿਟੀ ਆਫ ਮਿਸੀਸਾਗਾ, 300 ਸਿਟੀ ਸੈਂਟਰ ਡ੍ਰਾਈਵ, ਮਿਸੀਸਾਗਾ (City of Mississauga, 300 City Centre Drive, Mississauga) ਵੱਲੋਂ ਸਵੀਕਾਰ ਕੀਤੇ ਜਾਣਗੇ।

ਫਾਈਲ ਕਰਨ ਦੇ ਸਮੇਂ, ਫੀਸ (ਮੇਅਰ ਲਈ $200.00, ਹੋਰ ਸਾਰੀਆਂ ਪੋਜੀਸ਼ਨਾਂ ਲਈ $100.00) ਦਾ ਭੁਗਤਾਨ ਨਕਦ, ਡੈਬਿਟ ਕਾਰਡ, ਸਰਟੀਫਾਇਡ ਚੈੱਕ ਜਾਂ ਮਨੀ ਆਰਡਰ ਨਾਲ ਕੀਤਾ ਜਾ ਸਕਦਾ ਹੈ। ਬਿਨੈਕਾਰਾਂ ਲਈ ਨਾਮ ਦਾ ਸਬੂਤ ਅਤੇ ਯੋਗਤਾ (ਕਵਾਲੀਫਾਇੰਗ) ਪਤਾ ਮੁਹੱਈਆ ਕਰਨਾ ਲਾਜ਼ਮੀ ਹੈ। ਸਿਰਫ਼ ਮੂਲ ਦਸਤਾਵੇਜ਼ ਹੀ ਸਵੀਕਾਰ ਕੀਤੇ ਜਾਣਗੇ; ਫੈਕਸ ਜਾਂ ਹੋਰ ਇਲੈਕਟ੍ਰੋਨਿਕ ਸੰਸਕਰਨਾਂ ਦੀ ਇਜਾਜ਼ਤ ਨਹੀਂ ਹੈ। ਸਾਰੇ ਸੰਭਾਵੀ ਉਮੀਦਵਾਰਾਂ ਲਈ ਚੋਣਾਂ ਦੇ ਉਦੇਸ਼ਾਂ ਲਈ ਕੋਈ ਵੀ ਮੁਹਿੰਮ ਯੋਗਦਾਨ ਪ੍ਰਾਪਤ ਕਰਨ ਜਾਂ ਕੋਈ ਵੀ ਫੰਡ ਖ਼ਰਚ ਕਰਨ ਤੋਂ ਪਹਿਲਾਂ ਆਪਣਾ ਨਾਮਾਂਕਨ ਪੇਪਰ (Nomination Paper) ਅਤੇ ਨਾਮਾਂਕਨ ਦਾ ਪਿਠਾਂਕਣ (ਐਨਡੋਰਸਮੈਂਟ) (Endorsement of Nomination) ਫਾਰਮ ਫਾਈਲ ਕਰਨਾ ਲਾਜ਼ਮੀ ਹੈ। ਸਕੂਲ ਬੋਰਡ ਟ੍ਰਸਟੀ ਉਮੀਦਵਾਰਾਂ ਨੂੰ ਨਾਮਾਂਕਨ ਦਾ ਪਿਠਾਂਕਣ ਫਾਰਮ ਫਾਈਲ ਕਰਨ ਦੀ ਲੋੜ ਨਹੀਂ ਹੈ।

ਨਾਮਾਂਕਿਤ ਉਮੀਦਵਾਰਾਂ ਦੀ ਸੂਚੀ ਨਿਯਮਿਤ ਰੂਪ ਨਾਲ ਅੱਪਡੇਟ ਕੀਤੀ ਜਾਂਦੀ ਹੈ ਅਤੇ www.brampton.ca/BramptonVotes ‘ਤੇ ਉਪਲਬਧ ਹੈ।

ਤੀਜੀ ਧਿਰ ਵਿਗਿਆਪਕ (ਇਸ਼ਤਿਹਾਰ ਦੇਣ ਵਾਲੇ) ਦੇ ਰਜਿਸਟਰੇਸ਼ਨ 19 ਅਕਤੂਬਰ, 2018 ਤੱਕ ਫਾਈਲ ਕੀਤੇ ਜਾ ਸਕਦੇ ਹਨ।

-30-